
# ਜੌਹਨ ਲਾੱਕ (1632- 1704)



- ਸਮਝੌਤਾਵਾਦੀ ਵਿਚਾਰਕਾ ਵਿੱਚ ਅਤੇ ਰਾਜਨੀਤਕ ਦਰਸ਼ਨ ਦੇ ਇਤਿਹਾਸ ਵਿੱਚ ਜੌਹਨ ਲਾੱਕ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਲਾੱਕ ਨਾ ਕੇਵਲ ਇਕ ਰਾਜਨੀਤਕ ਵਿਚਾਰਕ ਅਤੇ ਅਨੁਭਵਵਾਦੀ ਸੀ, ਸਗੋਂ ਪੱਛਮੀ ਯੂਰਪ ਤੇ ਅਮਰੀਕਾ ਦੀਆਂ ਰਾਜਨੀਤਿਕ ਅਤੇ ਸੰਵਿਧਾਨਿਕ ਵਿਚਾਰਧਾਰਾ ਦੇ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਸੀ। ਉਸ ਨੇ ਆਪਣੇ ਰਾਜਨੀਤਿਕ ਵਿਚਾਰਾ ਵਿੱਚ ਨਿਰੰਕੁਸ਼ ਪ੍ਰਭੂਸੱਤਾ ਦਾ ਵਿਰੋਧ ਕਰਦੇ ਹੋਏ ਲੋਕਤੰਤਰ ਦਾ ਸਮਰਥਨ ਕੀਤਾ ਸੀ। ਉਹ ਉਦਾਰਵਾਦ, ਲੋਕਤੰਤਰ, ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਪ੍ਰਭਾਵਸ਼ਾਲੀ ਸਮਰਥਕ ਸੀ। ਲੋਕਤੰਤਰ ਦਾ ਸਮਰੱਥਕ ਹੋਣ ਕਾਰਨ ਉਸ ਦਾ ਵਿਚਾਰ ਸੀ ਕਿ ਰਾਜਨੀਤਕ ਸੱਤਾ ਕੇਵਲ ਸਹਿਮਤੀ ਤੇ ਹੀ ਆਧਾਰਿਤ ਸਕਦੀ ਹੈ।

# ਜੌਹਨ ਲਾੱਕ ਦਾ ਜੀਵਨ ਇਤਿਹਾਸ

ਜਨਮ:- ਜੌਹਨ ਲਾੱਕ ਵੀ ਹਾੱਬਸ ਦੀ ਤਰਾਂ ਬਰਤਾਨਵੀ ਨਾਗਰਿਕ ਸੀ। ਉਸ ਦਾ ਜਨਮ ਇੰਗਲੈਂਡ ਵਿਚ ਸਮਰਸੇਟ ਕੇਰਿੰਗਟਨ ਨਾਂ ਦੇ ਸਥਾਨ ਤੇ 29 ਅਗਸਤ 1632 ਨੂੰ ਹੋਇਆ ਸੀ। ਉਸ ਦਾ ਪਰਿਵਾਰ ਭਾਵੇ ਮੱਧ ਵਰਗੀ ਸੀ, ਪਰ ਲਾੱਕ ਦੀ ਦੇਖਭਾਲ ਵਿੱਚ ਉਹਨਾਂ ਨੇ ਕੋਈ ਕਮੀ ਨਾ ਛੱਡੀ ਸੀ। ਉਸ ਦਾ ਪਿਤਾ ਤੱਤਕਾਲੀ ਸਮੇਂ ਵਿੱਚ ਚੱਲਣ ਵਾਲੇ ਘਰੇਲੂ ਯੁੱਧ ਵਿੱਚ ਸੰਸਦ ਦੀ ਸੈਨਾ ਦਾ ਅਧਿਕਾਰੀ ਸੀ ਅਤੇ ਉਹ ਬ੍ਰਿਟੇਨ ਵਿਚ ਸੰਸਦ ਦੀ ਸਰਵ-ਉੱਚਤਾ ਨੂੰ ਸਥਾਪਿਤ ਕਰਨ ਦਾ ਸਮਰੱਥਕ ਸੀ।

ਸਿੱਖਿਆ ਅਤੇ ਕਿੱਤਾ:- ਲਾੱਕ ਦਾ ਪਰਿਵਾਰ ਮੱਧ-ਵਰਗੀ ਸੀ ਫਿਰ ਵੀ ਉਹਨਾਂ ਨੇ ਲਾੱਕ ਦੀ ਸਿੱਖਿਆ ਲਈ ਪੂਰਨ ਪ੍ਰਬੰਧ ਕੀਤੇ ਸਨ। ਉਹ ਇੱਕ ਬੁੱਧੀਮਾਨ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀ ਸੀ। ਉਸ ਦੀ ਮੁੱਢਲੀ ਸਿੱਖਿਆ ਘਰ ਵਿੱਚ ਹੀ ਪੂਰੀ ਹੋਈ ਸੀ। ਮੁੱਢਲੀ ਸਿਖਿਆ ਮਗਰੋਂ ਉਸ ਨੂੰ ਵੈਸਟਮਿਨਸਟਰ ਦੇ ਪਬਲਿਕ ਸਕੂਲ ਵਿਚ ਭੇਜਿਆ ਗਿਆ ਸੀ। 1656ਵਿੱਚ ਲਾੱਕ ਨੇ ਔੱਕਸਫੋਰਡ ਦੇ ਕਰਾਈਸਟ ਚਰਚ ਕਾੱਲਜ ਵਿਚੋਂ ਬੀ. ਏ .ਦੀ ਅਤੇ 1658 ਵਿੱਚ ਐਮ.ਏ ਦੀ ਡਿਗਰੀ ਪ੍ਰਾਪਤ ਕੀਤੀ ਸੀ। ਸਿੱਖਿਆ ਪ੍ਰਾਪਤ ਕਰਨ ਮਗਰੋਂ ਉਹ ਯੂਨਾਨੀ ਭਾਸ਼ਾ ,ਕਾਵ- ਸ਼ਾਸਤਰ ਅਤੇ ਦਰਸ਼ਨ ਦਾ ਸਿੱਖਿਅਕ ਨਿਯੁਕਤ ਹੋਇਆ ਸੀ। ਪਰ ਇਸ ਕਿੱਤੇ ਵਿੱਚ ਉਸ ਦਾ ਮਨ ਨਾ ਲੱਗਿਆ। ਇਸ ਲਈ ਉਸ ਨੇ ਇਸ ਕਿੱਤੇ ਨੂੰ ਛੱਡ ਕੇ ਪਾਦਰੀ ਬਣਨ ਦਾ ਨਿਸ਼ਚਾ ਕੀਤਾ ਸੀ,ਪਰ ਚਰਚ ਦੇ ਕਠੋਰ ਨਿਯਮਾਂ ਕਾਰਨ ਉਹ ਇਸ ਵਿੱਚ ਵੀ ਰੁਚੀ ਨਾ ਲੈ ਸਕਿਆ। ਇਸ ਤੋਂ ਮਗਰੋਂ ਉਸ ਨੇ ਡਾਕਟਰੀ ਦੇ ਕਿੱਤੇ ਨੂੰ ਅਪਨਾਇਆ ਅਤੇ ਡੇਵਿਡ ਥਾੱਮਸ ਨਾ ਦੇ ਡਾਕਟਰ ਦਾ ਚੇਲਾ ਬਣ ਗਿਆ।

# ਮੌਤ

ਜੌਹਨ ਲਾੱਕ ਨੇ ਆਰੰਭ ਤੋਂ ਹੀ ਆਪਣੀ ਸਿਹਤ ਪ੍ਰਤੀ ਧਿਆਨ ਨਾ ਦਿੱਤਾ ਸੀ ਅਤੇ ਉਸ ਨੂੰ ਕਈ ਵਾਰੀ ਸਿਹਤ ਦੀ ਦੇਖਭਾਲ ਲਈ ਵਿਦੇਸ਼ ਵੀ ਜਾਣਾ ਪਿਆ ਸੀ। ਵਾਧੂ ਦਿਮਾਗੀ  ਕਿਰਤ ਕਰਨ ਨਾਲ ਉਸ ਦੀ ਸਿਹਤ ਹੋਰ ਖ਼ਰਾਬ ਹੋ ਗਈ ਅਤੇ 1704 ਈ. ਵਿੱਚ ਉਸ ਦੀ ਮੌਤ ਹੋ ਗਈ। ਉਸ ਸਮੇਂ ਉਸ ਦੀ ਉਮਰ 72 ਸਾਲ ਸੀ।

ਰਚਨਾਵਾਂ:- ਲਾੱਕ ਨੇ ਆਪਣੇ ਜੀਵਨ-ਕਾਲ ਵਿਚ ਰਾਜਨੀਤੀ ਸ਼ਾਸਤਰ, ਧਰਮ ਸ਼ਾਸਤਰ, ਅਰਥ ਸ਼ਾਸਤਰ, ਸਿੱਖਿਆ ,ਦਰਸ਼ਨ ਅਤੇ ਵਿਗਿਆਨ ਅਤੇ ਕਈ ਗ੍ਰੰਥ ਲਿਖੇ ਹਨ। ਰਾਜਨੀਤੀ ਸ਼ਾਸਤਰ ਵਿੱਚ ਲਿਖੇ ਉਨ੍ਹਾਂ ਦੇ ਮੁੱਖ ਗ੍ਰੰਥ ਇਸ ਤਰ੍ਹਾਂ ਹਨ-

1. ਸਹਿਨਸ਼ੀਲਤਾ ਤੇ ਪਹਿਲਾ ਪੱਤਰ

2. ਸਹਿਨਸ਼ੀਲਤਾ ਤੇ ਦੂਜਾ ਪੱਤਰ

3.ਸ਼ਾਸ਼ਨ ਤੇ ਦੋ ਨਿਬੰਧ

4. ਮਨੁੱਖੀ ਸੁਭਾਅ ਸਬੰਧੀ ਨਿਬੰਧ

5.ਸਹਿਣਸ਼ੀਲਤਾ ਤੇ ਤੀਜਾ ਪੱਤਰ

6. ਕੈਰੋਲੀਨਾ ਦੇ ਸੰਵਿਧਾਨ ਦੇ ਮੌਲਿਕ ਤੱਤ

ਇਹਨਾਂ ਸਾਰੀਆਂ ਰਚਨਾਵਾਂ ਵਿਚੋਂ ਉਸ ਦੀ 'ਸ਼ਾਸਨ ਤੇ ਦੋ ਨਿਬੰਧ' ਪ੍ਰਮੁੱਖ ਅਤੇ ਮਹੱਤਵਪੂਰਨ ਰਚਨਾ ਹੈ । ਇਸ ਰਚਨਾ ਦਾ ਉਦੇਸ਼ ਨਿਰੰਕੁਸ਼ਤਾਵਾਦ ਦੇ ਆਧਾਰਾਂ ਦਾ ਖੰਡਨ ਕਰਨਾ ਅਤੇ ਇਹ ਸਿੱਧ ਕਰਨਾ ਸੀ ਕਿ 1688 ਦੀ ਕ੍ਰਾਂਤੀ ਤੋਂ ਰਾਜਾ ਵਿਲੀਅਮ ਨੂੰ ਪ੍ਰਾਪਤ ਸੱਤਾ ਜਨਤਾ ਦੀ ਸਹਿਮਤੀ ਤੇ ਆਧਾਰਿਤ ਸੀ।

# ਲਾੱਕ ਦੀ ਅਧਿਐਨ ਪ੍ਰਣਾਲੀ

- ਲਾੱਕ ਨੇ ਆਪਣੀ ਅਧਿਐਨ ਪ੍ਰਣਾਲੀ ਵਿੱਚ ਅਨੁਭਵਵਾਦੀ ਅਤੇ ਵਿਵੇਕਵਾਦੀ ਵਰਤੋਂ ਕੀਤੀ ਸੀ। ਉਹਨਾਂ ਦਾ ਵਿਚਾਰ ਸੀ ਕਿ ਅਨੁਭਵ ਦੀ ਘਾਟ ਵਿਚ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ। ਜੋ ਵੀ ਵਿਚਾਰ ਮਨੁੱਖ ਦੇ ਦਿਮਾਗ ਵਿੱਚ ਪੈਦਾ ਹੁੰਦੇ ਹਨ ਉਹ ਅਨੁਭਵ ਤੋਂ ਪੈਦਾ ਹੁੰਦੇ ਹਨ।ਇਸ ਦੁਆਰਾ ਲਾੱਕ ਗਿਆਨ ਦੀ ਉਤਪੱਤੀ ਤੇ ਵਿਵੇਕ ਪੂਰਨ ਤੱਤ ਦਾ ਪ੍ਰਤਿਪਾਦਨ ਕਰਦਾ ਹੈ। ਭਾਵੇਂ ਵੀਚਾਰਾਂ ਦੁਆਰਾ ਗਿਆਨ ਹੁੰਦਾ ਹੈ ਅਤੇ ਸਾਰੇ ਵਿਚਾਰਾਂ ਦੀ ਉਤਪਤੀ ਅਨੁਭਵ ਤੋਂ ਹੁੰਦੀ ਹੈ, ਇਹ ਇਸਲਈ ਅਨੁਭਵ ਦੀ ਘਾਟ ਵਿੱਚ ਕਿਸੇ ਗਿਆਨ ਜਾਂ ਕਲਪਨਾ ਨਹੀਂ ਕੀਤੀ ਜਾ ਸਕਦੀ। ਆਪਣੇ ਰਾਜਨੀਤਕ ਵਿਚਾਰਾਂ ਵਿੱਚ ਰਾਜ ਦੀ ਉਤਪੱਤੀ ਰਾਜ ਦੇ ਸਰੂਪ ਅਤੇ ਸ਼ਾਸ਼ਨ ਸਬੰਧੀ ਸਿਧਾਂਤਾਂ ਦੀ ਵਿਆਖਿਆ ਅਨੁਭਵਾਂ ਦੇ ਆਧਾਰ ਤੇ ਕੀਤੀ ਹੈ।

# ਜੌਹਨ ਲਾੱਕ ਦੇ ਰਾਜਨੀਤਿਕ ਵਿਚਾਰ

- ਜੌਹਨ ਲਾੱਕ ਇੰਗਲੈਂਡ ਦਾ ਇਕ ਪ੍ਰਸਿੱਧ ਸਮਝੌਤਾਵਾਦੀ ਵਿਚਾਰਕ ਸੀ। ਉਸ ਨੇ ਇੰਗਲੈਂਡ ਅਤੇ ਫਰਾਂਸ ਦੀ ਰਾਜਨੀਤੀ ਨੂੰ ਨਜ਼ਦੀਕੀ ਤੋਂ ਦੇਖਿਆ ਸੀ। ਉਥੇ ਦੀ ਰਾਜਨੀਤਿਕ ਵਿਵਸਥਾ ਬਾਰੇ ਉਸ ਨੇ ਆਪਣੇ ਵਿਚਾਰ ਆਪਣੀਆਂ ਪੁਸਤਕਾਂ 'ਸ਼ਾਸਨ ਤੇ ਦੋ ਨਿਬੰਧ' ਅਤੇ 'ਸਹਿਣਸ਼ੀਲਤਾ ਦੇ ਪੱਤਰ' ਵਿੱਚ ਪ੍ਰਗਟ ਕੀਤੇ ਹਨ। ਇਹਨਾਂ ਪੁਸਤਕਾਂ ਵਿਚ ਰਜ਼ਾ ਦੇ ਦੈਵੀ ਅਧਿਕਾਰਾਂ ਅਤੇ ਅਧਿਕਾਰੀਆਂ ਦਾ ਵਰਨਣ ਕੀਤਾ ਹੈ।ਇਸ ਵਿੱਚ ਉਸ ਨੇ ਸਰਕਾਰ ਦੀ ਉਤਪੱਤੀ, ਸੁਭਾਅ ਅਤੇ ਕਾਰਜ-ਖੇਤਰ ਦਾ ਵਿਸਥਾਰਪੂਰਨ ਵਰਣਨ ਕੀਤਾ ਸੀ। ਲੋਕ ਨੇ ਆਪਣੇ ਰਾਜਨੀਤਕ ਵਿਚਾਰ ਇੰਗਲੈਂਡ ਦੀ ਤੱਤਕਾਲੀ ਰਾਜਨੀਤਿਕ ਵਿਵਸਥਾ ਨੂੰ ਦੇਖਦੇ ਹੋਏ ਪੇਸ਼ ਕੀਤੇ ਸਨ। ਲਾੱਕ ਦੇ ਮੁਖ ਰਾਜਨੀਤਕ ਵੀਚਾਰ ਇਸ ਤਰ੍ਹਾਂ ਹਨ-

# 1.ਸਮਾਜਿਕ ਸਮਝੌਤੇ ਸਬੰਧੀ ਵਿਚਾਰ

- ਲਾੱਕ ਨੇ ਸਮਾਜਿਕ ਸਮਝੌਤੇ ਸਬੰਧੀ ਆਪਣੇ ਵਿਚਾਰ ਆਪਣੀ ਪੁਸਤਕ 'Two Treatises on government' ਵਿੱਚ ਪੇਸ਼ ਕੀਤੇ ਸਨ। ਲਾੱਕ ਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿੱਚ ਮਨੁੱਖ ਨੂੰ ਆਪਣੀ ਲੋੜ ਦੀਆਂ ਕਈ ਵਸਤੂਆਂ ਪ੍ਰਾਪਤ ਨਹੀਂ ਹੁੰਦੀਆਂ ਸਨ। ਉਸ ਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿੱਚ ਸਾਰੇ ਮਨੁੱਖ ਇੱਕ ਸਮਾਨ ਹੋਣ ਕਾਰਨ ਸਮਾਜਿਕ ਸਮਝੌਤਾ ਸਾਰੇ ਵਿਅਕਤੀਆਂ ਵਲੋ ਸਾਰੇ ਵਿਅਕਤੀਆਂ ਦੁਆਰਾ ਕੀਤਾ ਗਿਆ ਸੀ। ਲਾੱਕ ਅਨੁਸਾਰ ਕੁਦਰਤੀ ਅਵਸਥਾ ਤੋਂ ਬਚਾਅ ਲਈ ਮਨੁੱਖ ਦੁਆਰਾ ਦੋ ਸਮਝੌਤੇ ਕੀਤੇ ਗਏ ਸਨ। ਪਹਿਲੇ ਸਮਝੌਤੇ ਨੂੰ ਉਹ ਸਮਾਜਿਕ ਸਮਝੌਤੇ ਦਾ ਨਾਂ ਦਿੰਦਾ ਹੈ ਜਿਸ ਦੁਆਰਾ ਸਮਾਜ ਦੀ ਸਥਾਪਨਾ ਹੁੰਦੀ ਹੈ ਅਤੇ ਦੂਜੇ ਸਮਝੌਤੇ ਨੂੰ ਰਾਜਨੀਤਿਕ ਸਮਝੌਤੇ ਦਾ ਨਾਮ ਦਿੰਦਾ ਹੈ ਜਿਸ ਦੁਆਰਾ ਰਾਜ ਦੀ ਸਥਾਪਨਾ ਹੋਈ ਸੀ। ਇਸ ਸਮਾਜਿਕ ਸਮਝੋਤੇ ਦੁਆਰਾ ਮਨੁੱਖ ਨੇ ਆਪਣੇ ਕਈ ਅਧਿਕਾਰ ਸਮਾਜਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜ ਨੂੰ ਸੌਂਪ ਦਿੱਤੇ ਸਨ। ਰਾਜਨੀਤਿਕ ਸਮਝੌਤੇ ਦੁਆਰਾ ਜਿਸ ਰਾਜ ਦਾ ਨਿਰਮਾਣ ਹੋਇਆ ਸੀ ਉਸ ਦਾ ਉਦੇਸ਼ ਵਿਅਕਤੀ ਦੇ ਜੀਵਨ, ਸੁਤੰਤਰਤਾ ਅਤੇ ਸੰਪੱਤੀ ਦੀ ਅੰਦਰੂਨੀ ਅਤੇ ਬਾਹਰੀ ਸੰਕਟਾਂ ਤੋਂ ਰੱਖਿਆ ਕਰਨਾ ਸੀ। ਇਸ ਉਦੇਸ਼ ਨੂੰ ਧਿਆਨ ਵਿਚ ਰੱਖਦੇ ਹੋਏ ਮਨੁੱਖ ਨੇ ਆਪਣੇ ਕਈ ਕੁਦਰਤੀ ਅਧਿਕਾਰਾ ਦਾ ਤਿਆਗ ਕਰ ਦਿੱਤਾ ਸੀ।

# 2. ਮਨੁੱਖੀ ਸੁਭਾਅ ਸਬੰਧੀ ਵਿਚਾਰ

- ਲਾੱਕ ਨੇ ਆਪਣੇ ਰਾਜਨੀਤਿਕ ਵਿਚਾਰਾ ਵਿੱਚ ਮਨੁੱਖੀ ਸੁਭਾਅ ਨੂੰ ਸੁਭਾਵਿਕ ਤੌਰ ਤੇ ਚੰਗਾ ਦੱਸਦਾ ਹੈ ਅਤੇ ਉਸ ਦੇ ਮਨੁੱਖੀ ਗੁਣਾਂ ਤੇ ਜ਼ੋਰ ਦਿੰਦਾ ਹੈ। ਉਹ ਮਨੁੱਖ ਨੂੰ ਇੱਕ ਚੰਗਾ ਅਤੇ ਵਿਵੇਕਸ਼ੀਲ ਜੀਵ ਮੰਨਦਾ ਹੈ ਅਤੇ ਇਹ ਵਿਚਾਰ ਪੇਸ਼ ਕਰਦਾ ਹੈ ਕਿ ਵਿਵੇਕ ਪੂਰਨ ਹੋਣ ਕਾਰਨ ਉਹ ਆਪਣੀ ਇੱਛਾ ਤੇ ਨੈਤਿਕਤਾ ਨੂੰ ਪ੍ਰਵਾਨ ਕਰਕੇ ਉਸ ਅਨੁਸਾਰ ਜੀਵਨ ਬਤੀਤ ਕਰਨਾ ਆਪਣਾ ਕਰਤੱਵ ਮੰਨਦਾ ਹੈ। ਲਾੱਕ ਦਾ ਮਨੁੱਖ ਪਰਉਪਕਾਰੀ ਅਤੇ ਅਧਿਆਤਮਵਾਦੀ ਹੈ। ਉਹ ਸਹਿਨਸ਼ੀਲਤਾ, ਸਹਿਯੋਗ, ਪ੍ਰੇਮ ਅਤੇ ਦਇਆ ਆਦਿ ਮਨੁੱਖੀ ਗੁਣਾਂ ਤੋਂ ਪੂਰਨ ਹੈ ਅਤੇ ਉਸ ਦੇ ਅਨੁਸਾਰ ਵਿਹਾਰ ਕਰਨਾ ਅਪਣਾ ਕਰਤੱਵ ਮੰਨਦਾ ਹੈ। ਮਨੁੱਖ ਸੁਭਾਅ ਦੀ ਇਸ ਸਥਿਤੀ ਦੇ ਅਧਾਰ ਤੇ ਹੀ ਲਾੱਕ ਕੁਦਰਤੀ ਅਵਸਥਾ ਦਾ ਚਿੱਤਰ ਪੇਸ਼ ਕਰਦਾ ਹੈ ਉਸਦਾ ਵਿਚਾਰ ਹੈ ਕਿ ਮਨੁੱਖ ਦਾ ਸੁਭਾਅ ਉਪਯੋਗਤਾਵਾਦੀ ਹੈ।

# 3.ਕੁਦਰਤੀ ਅਵਸਥਾ ਸੰਬੰਧੀ ਵਿਚਾਰ

- ਲਾੱਕ ਨੇ ਹਾੱਬਸ ਦੇ ਉਲਟ ਆਪਣੀ ਕੁਦਰਤੀ ਅਵਸਥਾ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ ਕੁਦਰਤੀ ਵਿਵਸਥਾ ਇਕ ਚੰਗੀ ਅਵਸਥਾ ਸੀ। ਇਸ ਅਵਸਥਾ ਵਿੱਚ ਮਨੁੱਖ ਆਪਸੀ ਯੁੱਧ ਦੀ ਅਵਸਥਾ ਵਿਚ ਨਾ ਰਹਿ ਕੇ ਆਪਸੀ ਸਹਿਯੋਗ ਦੀ ਅਵਸਥਾ ਵਿੱਚ ਰਹਿੰਦੇ ਸਨ। ਕੁਦਰਤੀ ਵਸਤਾ ਵਿੱਚ ਹਰੇਕ ਵਿਅਕਤੀ ਸਮਾਨ ਸਨ ਕਿਉਕਿ ਕੁਦਰਤ ਨੇ ਹਰ ਇਕ ਨੂੰ ਸਮਾਂ ਹੀ ਬਣਾਇਆ ਸੀ। ਕੁਦਰਤੀ ਅਵਸਥਾ ਵਿੱਚ ਸ਼ਾਂਤੀ ਤੇ ਵਿਵਸਥਾ ਕਾਇਮ ਸੀ, ਇਸੇ ਲਈ ਸਾਰੇ ਵਿਅਕਤੀ ਸਮਾਨ ਤੇ ਸੁਤੰਤਰ ਮੰਨੇ ਜਾਂਦੇ ਸਨ। ਕਿਸੇ ਵੀ ਵਿਅਕਤੀ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ ਸੀ। ਕੁਦਰਤੀ ਅਵਸਥਾ ਵਿੱਚ ਹਰੇਕ ਵਿਅਕਤੀ ਪੂਰਨ ਤੌਰ ਤੇ ਸੁਤੰਤਰ ਹੁੰਦੇ ਸਨ, ਪਰ ਇਹ ਸੁਤੰਤਰਤਾ ,ਸਵੈ-ਇੱਛਾ ਤੇ ਅਧਾਰਿਤ ਨਹੀਂ ਸੀ ਕਿਉਂਕਿ ਕੁਦਰਤੀ ਅਵਸਥਾ ਦਾ ਕੰਟਰੋਲ ਕੁਦਰਤੀ ਨਿਯਮਾਂ ਦੁਆਰਾ ਹੀ ਹੁੰਦਾ ਹੈ। ਇਸ ਕੁਦਰਤੀ ਅਵਸਥਾ ਵਿਚ ਨਾਗਰਿਕਾਂ ਨੂੰ ਕੁਦਰਤੀ ਅਧਿਕਾਰ ਪ੍ਰਾਪਤ ਸਨ। ਕੁਦਰਤੀ ਅਵਸਥਾ ਵਿੱਚ ਕਈ ਤਰ੍ਹਾਂ ਦੀਆਂ ਰੋਕਾਂ ਹਨ ਜਿਨ੍ਹਾਂ ਨੂੰ ਦੂਰ ਕਰਨ ਲਈ ਮਨੁੱਖ ਨੂੰ ਇੱਕ ਸਾਮਾਜਕ ਸਮਝੌਤਾ ਕਰਨਾ ਪਿਆ ਸੀ।

# 4. ਅਧਿਕਾਰਾਂ ਸਬੰਧੀ ਵਿਚਾਰ

- ਲਾੱਕ ਨੇ ਆਪਣੇ ਰਾਜਨੀਤਿਕ ਵਿਚਾਰਾਂ ਵਿਚ ਮਨੁੱਖੀ ਅਧਿਕਾਰਾਂ ਦਾ ਯੋਗਦਾਰ ਸਮਰਥਨ ਕੀਤਾ ਹੈ। ਲਾੱਕ ਦਾ ਵਿਚਾਰ ਹੈ ਕਿ ਕੁਦਰਤੀ ਅਵਸਥਾ ਵਿੱਚ ਮਨੁੱਖ ਨੂੰ ਤਿੰਨ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਸਨ -ਜੀਵਨ ਦਾ ਅਧਿਕਾਰ ,ਸੁਤੰਤਰਤਾ ਦਾ ਅਧਿਕਾਰ ,ਸੰਪਤੀ ਦਾ ਅਧਿਕਾਰ। ਇਹਨਾਂ ਅਧਿਕਾਰਾਂ ਤੋਂ ਇਲਾਵਾ ਲਾੱਕ ਦਾ ਵਿਚਾਰ ਸੀ ਕਿ ਸਭਿਅਕ ਸਮਾਜ ਵਿਚ ਨਾਗਰਿਕਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਵਾਲੀ ਅਤੇ ਨਿਆਂ ਦੇ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ। ਉਸ ਦਾ ਵਿਚਾਰ ਸੀ ਕਿ ਸਮਾਨਤਾ ਕੁਦਰਤ ਵੱਲੋਂ ਪ੍ਰਾਪਤ ਹੁੰਦੀ ਹੈ ਕਿਉਂਕਿ ਕੁਦਰਤ ਵੱਲੋਂ ਹਰੇਕ ਵਿਅਕਤੀ ਨੂੰ ਸਮਾਨ ਬਣਾਇਆ ਗਿਆ ਹੈ। ਆਪਣੇ ਵਿਚਾਰਾਂ ਵਿੱਚ ਲਾੱਕ ਨੇ ਮਨੁੱਖੀ ਸੁਤੰਤਰਤਾ ਦਾ ਜ਼ੋਰਦਾਰ ਸਮਰਥਨ ਕੀਤਾ ਹੈ ਕੀਤਾ ਹੈ।

# 5.ਰਾਜ ਸਬੰਧੀ ਵਿਚਾਰ

- ਲਾੱਕ ਆਪਣੇ ਰਾਜਨੀਤਿਕ ਵਿਚਾਰਾ ਵਿੱਚ ਇਹ ਸਪੱਸ਼ਟ ਕਰਦਾ ਹੈ ਕਿ ਰਾਜ ਦੀ ਉਤਪੱਤੀ ਸਮਾਜਿਕ ਸਮਝੌਤੇ ਦੁਆਰਾ ਹੋਈ ਹੈ। ਲੋਕਾਂ ਨੇ ਕੁਦਰਤੀ ਅਵਸਥਾ ਤੋਂ ਬਚਣ ਦੇ ਲਈ ਸਮਾਜਿਕ ਸਮਝੌਤਾ ਕੀਤਾ ਸੀ। ਲਾੱਕ ਅਨੁਸਾਰ ਸਮਾਜਿਕ ਸਮਝੌਤਾ ਕਰਨ ਦਾ ਮੁੱਖ ਕਾਰਨ ਕੁਦਰਤੀ ਅਵਸਥਾ ਸੀ। ਕੁਦਰਤੀ ਅਵਸਥਾ ਵਿੱਚ ਤਿੰਨ ਘਾਟੇ ਸਨ- ਕੁਦਰਤੀ ਕਨੂੰਨ ਸਪੱਸ਼ਟ ਨਹੀਂ ਸਨ, ਨਿਰਪੱਖ ਜੱਜਾਂ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਸ਼ਾਸ਼ਨ ਸੱਤਾ ਦੀ ਘਾਟ ਸੀ। ਇਹਨਾਂ ਘਾਟਾਂ ਦੀ ਪੂਰਤੀ ਕਰਕੇ ਵਿਅਕਤੀ ਦੇ ਜੀਵਨ ,ਸਤੰਤਰਤਾ ਅਤੇ ਸੰਪੱਤੀ ਦੇ ਅਧਿਕਾਰਾਂ ਨੂੰ ਸੁਰੱਖਿਅਤ ਬਣਾਉਣਾ ਹੀ ਰਾਜ ਦਾ ਮੁਖ ਟੀਚਾ ਹੈ। ਲਾੱਕ ਅਨੁਸਾਰ ਉਸ ਦਾ ਰਾਜ ਆਮ ਸਹਿਮਤੀ ਤੇ ਅਧਾਰਿਤ ਸੀ ਜੋ ਕਿ ਜਨ ਕਲਿਆਣ ਤੇ ਅਧਾਰਿਤ ਸੀ। ਇਹ ਰਾਜ ਧਰਮ ਨਿਰਪੱਖ ਰਾਜ ਸੀ ਜੋ ਕਿ ਸੀਮਿਤ ਪ੍ਰਭੂ ਦੀ ਵਿਵਸਥਾ ਕਰਦਾ ਹੈ। ਇਸ ਰਾਜ ਵਿਚ ਕਾਨੂੰਨ ਦੇ ਸ਼ਾਸਨ ਦੀ ਹੋਂਦ ਪਾਈ ਜਾਂਦੀ ਹੈ। ਰਾਜ ਦੇ ਕੰਮ ਨਿਰਧਾਰਿਤ ਸਨ। ਉਹ ਕੇਵਲ ਉਹ ਕੰਮ ਹੀ ਕਰਦਾ ਸੀ ਜੋ ਕੁਦਰਤੀ ਅਵਸਥਾ ਵਿੱਚ ਰੋਕਾ ਬਣਦੇ ਸਨ।

# 6. ਸਰਕਾਰ ਸਬੰਧੀ ਵਿਚਾਰ

- ਲਾੱਕ ਆਪਣੇ ਰਾਜਨੀਤਿਕ ਵਿਚਾਰਾਂ ਵਿੱਚ ਰਾਜ ਅਤੇ ਸਰਕਾਰ ਵਿਚਕਾਰ ਅੰਤਰ ਕਰਦਾ ਹੈ। ਲਾੱਕ ਅਨੁਸਾਰ ਸਮਾਜਿਕ ਸਮਝੌਤੇ ਰਾਹੀਂ ਰਾਜ ਦਾ ਨਿਰਮਾਣ ਹੋਇਆ ਸੀ, ਸਰਕਾਰ ਦਾ ਨਹੀਂ।ਲਾੱਕ ਦਾ ਵਿਚਾਰ ਸੀ ਕਿ ਸਮਾਜਿਕ ਸਮਝੋਤੇ ਦੁਆਰਾ ਨਾਗਰਿਕ ਸਮੁਦਾਇ ਅਤੇ ਸਮਾਜ ਦੀ ਸਥਾਪਨਾ ਹੋ ਜਾਣ ਮਗਰੋਂ ਸਰਕਾਰ ਦੀ ਸਥਾਪਨਾ ਕਿਸੇ ਸਮਝੌਤੇ ਦੁਆਰਾ ਨਹੀਂ ,ਸਗੋਂ ਇੱਕ ਵਿਸ਼ਵਾਸੀ ਟਰਸਟ ਦੁਆਰਾ ਹੋਈ ਸੀ। ਲਾੱਕ ਅਨੁਸਾਰ ਰਾਜ ਇੱਕ ਰਾਜਨੀਤਿਕ ਸਮੁਦਾਏ ਹੈ ਜੋ ਕਿ ਲੋਕਾਂ ਦੇ ਸਮਝੌਤੇ ਦੁਆਰਾ ਸੰਗਠਿਤ ਕੀਤਾ ਜਾਂਦਾ ਹੈ, ਪਰ ਸਰਕਾਰ ਉਹ ਹੈ ਜਿਸ ਨੂੰ ਸਮੁਦਾਇ ਅਤੇ ਕਰਤੱਵਾਂ ਨੂੰ ਵਿਹਾਰਕ ਰੂਪ ਦੇਣ ਦੇ ਲਈ ਇਕ ਟਰਸਟ ਦੇ ਰੂਪ ਵਿੱਚ ਨਿਰਮਾਣ ਕਰਦਾ ਹੈ।ਲਾੱਕ ਸਰਕਾਰ ਦੇ ਕੰਮਾਂ ਦੀ ਚਰਚਾ ਕਰਦੇ ਹੋਏ ਲਿਖਦਾ ਹੈ ਕਿ " ਮਨੁੱਖਾਂ ਦੇ ਰਾਜ ਵਿਚ ਸੰਗਠਿਤ ਹੋਣ ਅਤੇ ਆਪਣੇ ਆਪ ਨੂੰ ਸਰਕਾਰ ਦੇ ਅਧੀਨ ਰੱਖਣ ਦਾ ਵੱਡਾ ਅਤੇ ਮੁੱਖ ਉਦੇਸ਼ ਆਪਣੀ ਸੰਪਤੀ ਦੀ ਰੱਖਿਆ ਕਰਨਾ ਹੈ। ਭਾਵ ਸਰਕਾਰ ਨੂੰ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੇ ਕੰਮ ਵਿਅਕਤੀ ਦੇ ਜੀਵਨ, ਸੰਪਤੀ ਅਤੇ ਸੁਤੰਤਰਤਾ ਦੀ ਰੱਖਿਆ ਕਰਨ ਲਈ ਉਪਾਅ ਕਰਨੇ ਹੁੰਦੇ ਹਨ। ਸਰਕਾਰ ਦੇ ਤਿੰਨ ਅੰਗ ਹੋਣੇ ਚਾਹੀਦੇ ਹਨ-ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਸੰਘੀ ਸ਼ਕਤੀ।

- ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਕ ਦੇ ਰਾਜਨੀਤਕ ਵਿਚਾਰਾਂ ਦਾ ਕੇਂਦਰ ਮਨੁੱਖ ਹੈ ।ਉਸ ਦੇ ਸਾਰੇ ਰਾਜਨੀਤਕ ਵਿਚਾਰ ਮਨੁੱਖ ਦੇ ਆਲੇ -ਦੁਆਲੇ ਹੀ ਘੁੰਮਦੇ ਹਨ। ਵਿਅਕਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਉਹ ਸਮਾਜਿਕ ਸਮਝੌਤਾ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਮਨੁੱਖ ਸੁਭਾਅ ਤੋਂ ਚੰਗਾ ਜੀਵ ਹੈ ਪਰ ਹਾਲਾਤ ਉਸ ਨੂੰ ਜਾਂ ਉਸ ਦੇ ਸੁਭਾ ਨੂੰ ਬਦਲ ਦਿੰਦੇ ਹਨ। ਉਹ ਰਾਜ ਨੂੰ ਇਕ ਬਨਾਵਟੀ ਸੰਸਥਾਵਾਂ ਮੰਨਦਾ ਹੈ ਜਿਸ ਦਾ ਨਿਰਮਾਣ ਵਿਅਕਤੀ ਦੇ ਹਿੱਤਾਂ ਦੀ ਰੱਖਿਆ ਲਈ ਹੋਇਆ ਹੈ। ਉਹ ਵਿਅਕਤੀ ਨੂੰ ਟੀਚਾ ਤੇ ਰਾਜ ਨੂੰ ਇੱਕ ਸਾਧਨ ਮੰਨਦਾ ਹੈ । ਉਹ ਸਰਕਾਰ ਨੂੰ ਘੱਟ ਪਰ ਲੋੜੀਂਦੇ ਕੰਮ ਸੌਂਪਣ ਦਾ ਸਮਰਥਨ ਕਰਦਾ ਹੈ। ਉਹ ਸਰਕਾਰ ਦੇ ਤਿੰਨ ਅੰਗਾਂ –ਕਾਰਜਪਾਲਿਕਾ,ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਨੂੰ ਮੰਨਦਾ ਹੈ ਅਤੇ ਇਨ੍ਹਾਂ ਤਿੰਨਾਂ ਦੇ ਆਪਣੇ -ਆਪਣੇ ਕਾਰਜ ਨਿਰਧਾਰਿਤ ਕਰਦਾ ਹੈ।